ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

ਪ੍ਰਿੰਸੀਪਲ / ਮੁੱਖ ਅਧਿਆਪਕ /ਇੰਚਾਰਜ

ਸਸਸਸ / ਸਹਸ , ਜਿਲ੍ਹਾ ਬਠਿੰਡਾ ।

ਪੱਤਰ ਨੰ: ਅ-5/1( )2023/ਤਿਮਾਹੀ ਰਿਪੋਰਟ/1504-06 ,

ਮਿਤੀ ਬਠਿੰਡਾ-15.06.2023

ਵਿਸ਼ਾ- **ਪੈਨਸ਼ਨ ਕੇਸਾਂ / ਪੈਨਸ਼ਨਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੁੱਕਦੀ ਤਿਮਾਹੀ ਮਿਤੀ 30.06.2023 ਤੱਕ ਦੀ ਰਿਪੋਰਟ ਭੇਜਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਹਵਾਲਾਪੱਤਰ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਪੈਨਸ਼ਨ ਕੇਸਾਂ / ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੋਨੀਟਰ ਕਰਨ ਲਈ ਮੁੱਕਦੀ ਤਿਮਾਹੀ ਮਿਤੀ 30.06.2023 ਦੇ ਕੇਸਾਂ ਸਬੰਧੀ ਸੂਚਨਾ ਭੇਜੀ ਜਾਣੀ ਹੈ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਕਦੀ ਤਿਮਾਹੀ ਮਿਤੀ 30.06.2023 ਤੱਕ ਦੇ ਪੈਨਸ਼ਨ ਕੇਸਾਂ ਸਬੰਧੀ ਸੂਚਨਾ ਰਾਵੀ ਲਿਪੀ ਵਿੱਚ ਪੈਨਸ਼ਨ ਵਿਭਾਗ ਵਲੋਂ ਨਿਰਧਾਰਿਤ ਪ੍ਰੋਫਾਰਮਿਆਂ (ਨਾਲ ਨੱਥੀ) ਅਨੁਸਾਰ ਤਿਆਰ ਕਰਕੇ ਕੇਵਲ GOOGLE SHEET ਵਿੱਚ ਮਿਤੀ 19.06.2023 ਦੁਪਹਿਰ 11 ਵਜੇ ਤੱਕ ਕੇਵਲ ਰਾਵੀ ਲਿਪੀ ਵਿੱਚ ਹੀ ਭੇਜੀ ਜਾਵੇ । ਆਪ ਨੂੰ GOOGLE SHEET (Spreadsheet) ਦਾ Link ਨੱਥੀ word file ਵਿੱਚ ਅਤੇ ਵਾਟਸਅੱਪ ਗਰੁੱਪ ਵਿੱਚ Share ਕੀਤਾ ਜਾਂਦਾ ਹੈ ।

ਪਿਛਲੇ ਸਮੇਂ ਦੌਰਾਨ ਤਿਮਾਹੀ ਰਿਪੋਰਟਾਂ ਭੇਜਣ ਸਮੇਂ ਇਹ ਵੇਖਣ ਵਿਚ ਆਇਆ ਹੈ ਕਿ ਕਈ ਸਕੂਲਾਂ ਵਲੋਂ ਇਹ ਸੂਚਨਾ ਸਮੇਂ ਸਿਰ ਨਹੀ ਭੇਜੀ ਜਾਂਦੀ ਅਤੇ ਕਈ ਸਕੂਲਾਂ ਵਲੋਂ ਸੂਚਨਾ ਅਧੂਰੀ ਭੇਜੀ ਜਾਂਦੀ ਹੈ, ਜਿਸ ਕਾਰਨ ਦਫਤਰੀ ਸਮਾਂ ਖਰਾਬ ਹੁੰਦਾ ਹੈ । ਇਸ ਸਬੰਧੀ ਮੁੱਖ ਦਫਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਅਤੇ ਸਖਤ ਹਦਾਇਤ ਕੀਤੀ ਗਈ ਹੈ ਕਿ ਜਿਸ ਸਕੂਲ ਵਲੋਂ ਇਹ ਸੂਚਨਾ ਸਮੇਂ ਸਿਰ ਨਹੀਂ ਭੇਜੀ ਜਾਂਦੀ, ਉਸ ਸਕੂਲ ਮੁੱਖੀ /ਕਲਰਕ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਿਪੋਰਟ ਨਿਰਧਾਰਿਤ ਮਿਤੀ ਤੱਕ ਭੇਜਣੀ ਯਕੀਨੀ ਬਣਾਈ ਜਾਵੇ ।

ਕਿਸੇ ਵੀ ਪ੍ਰਕਾਰ ਦੀ ਦੇਰੀ/ਅਣਗਹਿਲੀ ਅਤੇ ਅਧੂਰੀ ਸੂਚਨਾ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ, ਡੀ.ਡੀ.ਓ /ਕਲਰਕ ਦੀ ਨਿਰੋਲ ਜ਼ਿੰਮੇਵਾਰੀ ਹੋਵੇਗੀ।

ਨੋਟ – ਨੱਥੀ Instructions ਅਨੁਸਾਰ ਹੀ ਸੂਚਨਾ ਭੇਜੀ ਜਾਵੇ ਅਤੇ ਸੂਚਨਾ ਕੇਵਲ ਰਾਵੀ ਫੋਂਟ ਵਿੱਚ ਹੀ ਭੇਜੀ ਜਾਵੇ ।

15/06/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

ਪਿੱਠ ਅੰਕਣ ਨੰ:ਅ-5/1( )2023/ਤਿਮਾਹੀ ਰਿਪੋਰਟ/ ਮਿਤੀ 15.06.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ –

1. ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਏ.ਐਸ ਨਗਰ ।
2. ਮਾਨਯੋਗ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਭਲਾਈ ਵਿਭਾਗ, ਸੈਕਟਰ-33 ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

15/06/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

ਤਿਮਾਹੀ ਰਿਪੋਰਟ ਭੇਜਣ ਸਬੰਧੀ ਹਦਾਇਤਾਂ

ਮਿਤੀ: 30.06.2023 ਤੱਕ ਦੀ ਪੈਨਸ਼ਨ ਕੇਸਾਂ/ਪੈਨਸ਼ਨਰਾਂ ਸਬੰਧੀ ਮੁੱਕਦੀ ਤਿਮਾਹੀ ਰਿਪੋਰਟ ਦੀ ਸੂਚਨਾ ਸਬੰਧਤ ਸਕੂਲ ਮੁੱਖੀਆਂ ਵੱਲੋਂ ਹੇਠ ਲਿਖਿਆਂ ਹਦਾਇਤਾਂ ਅਨੁਸਾਰ ਚੈਕ ਕਰਨ ਉਪਰੰਤ ਹੀ ਭੇਜੀ ਜਾਵੇ -

1. ਸਬੰਧਤ ਤਿਮਾਹੀ ਵਿੱਚ ਰਿਟਾਇਰ ਹੋਏ ਸਮੂਹ ਕਰਮਚਾਰੀਆਂ ਦੇ ਨਾਮ ਅਨੁਲੱਗ 1 ਵਿੱਚ ਸ਼ਾਮਿਲ ਕੀਤੇ ਜਾਣ ਭਾਵੇਂ ਕਿ ਉਨ੍ਹਾਂ ਦੀਆਂ ਸਾਰੀਆਂ ਪੇਮੈਂਟਾਂ ਤਿਮਾਹੀ ਦੌਰਾਨ ਹੋ ਚੁੱਕੀਆਂ ਹੋਣ। ਜਿਲ੍ਹਾ ਕੇਸਾਂ ਵਿੱਚ ਮੁਕੰਮਲ ਪੇਮੈਂਟਾਂ ਹੋ ਚੁੱਕੀਆਂ ਹੋਣ ਉਸ ਬਾਰੇ ਵਿਸੇਸ਼ ਕਥਨ ਦੇ ਕਾਲਮ ਵਿੱਚ ਵੇਰਵਾ ਦਿੱਤਾ ਜਾਵੇ। ਨਵੀਂ ਪੈਨਸ਼ਨ ਸਕੀਮ ਤਹਿਤ ਰਿਟਾਇਰ ਹੋਏ ਕਰਮਚਾਰੀਆਂ ਦੇ ਵੇਰਵੇ ਵੀ ਅਨੁਲੋਂਗ 1 ਵਿੱਚ ਸ਼ਾਮਿਲ ਕੀਤੇ ਜਾਣ। ਸਬੰਧਤ ਸਕੂਲ ਮੁੱਖੀ ਇਹ ਤਸਦੀਕ ਕਰਨਾ ਯਕੀਨੀ ਬਣਾਏ ਕਿ ਉਨ੍ਹਾਂ ਵਲੋਂ ਰਿਟਾਇਰੀਆਂ ਸਬੰਧੀ ਦਿੱਤੀ ਗਈ ਸੂਚਨਾ ਤੋਂ ਇਲਾਵਾ ਉਨ੍ਹਾਂ ਦੇ ਸਕੂਲ ਨਾਲ ਸਬੰਧਤ ਕਿਸੇ ਵੀ ਰਿਟਾਇਰੀ ਦੇ ਪੈਨਸ਼ਨਰੀ ਲਾਭ ਪੈਂਡਿੰਗ ਨਹੀਂ ਹਨ।
2. ਮੌਜੂਦਾ ਤਿਮਾਹੀ ਤੋਂ ਪਿਛਲੇ ਕੇਸ ਸਿਰਫ ਉਹ ਹੀ ਸ਼ਾਮਿਲ ਕੀਤੇ ਜਾਣ ਜਿਨ੍ਹਾਂ ਦੇ ਇੱਕ ਜਾਂ ਇੱਕ ਤੋਂ ਵੱਧ ਰਿਟਾਇਰਮੈਂਟ ਲਾਭ ਦੀ ਅਦਾਇਗੀ ਬਕਾਇਆ ਰਹਿੰਦੀ ਹੋਵੇ।
3. ਨਵੀ ਪੈਨਸ਼ਨ ਸਕੀਮ ਤਹਿਤ ਬਕਾਇਆ ਕੇਸਾਂ ਦਾ ਵੇਰਵਾ ਅਨੂਲੱਗ 6 ਵਿੱਚ ਦਿੱਤਾ ਜਾਵੇ। ਇਨ੍ਹਾਂ ਕਰਮਚਾਰੀਆਂ ਦੇ ਨਾਲ ਅਨੁਲੱਗ 1 ਵਿੱਚ ਵੀ ਸ਼ਾਮਿਲ ਕੀਤੇ ਜਾਣ ।
4. ਆਮ ਤੌਰ ਤੇ ਲਿਖਿਆ ਜਾਂਦਾ ਹੈ ਕਿ ਕੇਸ ਖਜਾਨੇ ਵਿੱਚ ਲੰਬਿਤ ਹਨ। ਖਜਾਨੇ ਵਿੱਚ ਲੰਬਿਤ ਕੇਸਾਂ ਦੇ ਬਿਲ ਦਾ ਨੰਬਰ ਅਤੇ ਮਿਤੀ ਸਬੰਧਤ ਖਾਨੇ ਵਿੱਚ ਲਿਖਿਆ ਜਾਵੇ।
5. ਰਿਟਾਇਰਮੈਂਟ/ਅਦਾਇਗੀ ਦੀਆਂ ਮਿਤੀਆਂ ਨੂੰ ਸਕੂਲਾਂ ਵਲੋਂ ਭਿੰਨ-ਭਿੰਨ ਤਰੀਕਿਆਂ ਨਾਲ ਲਿਖਿਆ ਜਾ ਰਿਹਾ ਹੈ। ਮਿਤੀ: DD.MM.YYYY ਦਰਸਾਈਆ ਜਾਣ ।
6. ਪੈਨਸ਼ਨ/ਜੀ.ਪੀ.ਐਫ/ਜੀ.ਆਈ.ਐਸ ਦੀ ਮਨਜੂਰੀ ਸਬੰਧੀ ਦੇ ਜੋ ਕੇਸ ਏ.ਜੀ. ਪੰਜਾਬ/ ਜਿਲ੍ਹਾ ਪੱਧਰ ਨੂੰ ਭੇਜੇ ਗਏ ਹਨ, ਉਨ੍ਹਾਂ ਦਾ ਪੱਤਰ ਨੂੰ ਅਤੇ ਮਿਤੀ ਨਾਲ ਜਰੂਰ ਲਿਖਿਆ ਜਾਵੇ।
7. ਸਰਕਾਰ ਦੇ ਪੱਤਰ ਨੰ. FD-FPPCOADVC/7/2020-/FPPC/680 ਮਿਤੀ: 04.05.2020 ਦੀਆਂ ਹਦਾਇਤਾਂ ਦੇ ਸਨਮੁੱਖ ਜੇਕਰ ਕਿਸੇ ਰਿਟਾਇਰਡ ਕਰਮਚਾਰੀ ਨੂੰ ਪ੍ਰੋਵੀਜ਼ਨਲ ਪੈਨਸ਼ਨ ਜਾਰੀ ਕੀਤੀ ਗਈ ਹੈ ਤਾਂ ਉਹ ਹੀ ਵਿਸ਼ੇਸ਼ ਕਥਨ ਵਿੱਚ ਦਰਸਾਈ ਜਾਵੇ ।
8. ਰਿਟਾਇਰ ਹੋਣ ਵਾਲੇ ਜਾਂ ਹੋ ਚੁੱਕੇ ਕਰਮਚਾਰੀਆਂ ਦਾ ਅਹੁੱਦਾ ਵੀ ਭਰਿਆ ਜਾਵੇ ।
9. ਜੇਕਰ ਪੈਨਸ਼ਨਰੀ ਲਾਭਾਂ ਦੇ ਕੇਸ ਖਜਾਨਾ /ਜਿਲ੍ਹਾਂ/ਮਹਾਂਲੇਖਾਕਾਰ (ਏ ਅਤੇ ਈ) ਦਫਤਰ ਭੇਜੇ ਗਏ ਹਨ, ਤਾਂ ਪੱਤਰ ਨੰ/ਬਿੱਲ ਨੰ/ਮਿਤੀ ਗੂਗਲ ਸ਼ੀਟ ਵਿੱਚ ਦਰਜ਼ ਕੀਤਾ ਜਾਵੇ ।